ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਕੋਰੋਨਾ ਨੂੰ ਹਰਾ ਕੇ ਬਲਬੀਰ ਸਿੰਘ ਦੀ ਪਤਨੀ ਵੀ ਘਰ ਨੂੰ ਪਰਤੀ**

**ਕੈਬਨਿਟ ਮੰਤਰੀ ਸ੍ਰੀ ਓ ਪੀ ਸੋਨੀ ਨੇ ਦਿੱਤੀ ਪਰਮਜੀਤ ਕੌਰ ਨੂੰ ਵਧਾਈ**

ਅੰਮ੍ਰਿਤਸਰ, 26 ਅਪ੍ਰੈਲ (              )-

ਕ੍ਰਿਸ਼ਨਾ ਨਗਰ ਅੰਮ੍ਰਿਤਸਰ ਨਿਵਾਸੀ ਬਲਬੀਰ ਸਿੰਘ, ਜੋ ਕਿ 20 ਅਪ੍ਰੈਲ ਨੂੰ ਕੋਰੋਨਾ ਨੂੰ ਹਰਾ ਕੇ ਆਪਣੇ ਘਰ ਪਹੁੰਚ ਚੁੱਕੇ ਹਨ, ਦੀ ਪਤਨੀ ਸ੍ਰੀਮਤੀ ਪਰਮਜੀਤ ਕੌਰ ਉਮਰ 51 ਸਾਲ ਵੀ ਅੱਜ ਕੋਰੋਨਾ ਨੂੰ ਮਾਤ ਦੇ ਕੇ ਹਸਪਤਾਲ ਤੋਂ ਆਪਣੇ ਘਰ ਨੂੰ ਚਲੇ ਗਏ। ਦੱਸਣਯੋਗ ਹੈ ਕਿ ਸ. ਬਲਬੀਰ ਸਿੰਘ ਦਾ ਕੋਰੋਨਾ ਟੈਸਟ ਪਾਜ਼ਿਟਵ ਆਉਣ ਮਗਰੋਂ ਉਨਾਂ ਦੀ ਪਤਨੀ ਦੀ ਵੀ ਕੋਵਿਡ ਦੇ ਮਰੀਜ਼ ਪਾਏ ਗਏ ਸਨ। ਇੰਨਾ ਨੂੰ ਤਿੰਨ ਅਪ੍ਰੈਲ ਨੂੰ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਵਿਚ ਦਾਖਲ ਕਰਵਾਇਆ ਗਿਆ ਸੀ, ਨੂੰ ਦੋ ਟੈਸਟ ਨੈਗੇਟਿਵ ਆਉਣ ਮਗਰੋਂ ਅੱਜ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਇਸ ਮੌਕੇ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ ਨੇ ਬੀਬੀ ਪਰਮਜੀਤ ਕੌਰ ਨੂੰ ਫੋਨ ਉਤੇ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਹਸਪਤਾਲ ਪ੍ਰਬੰਧਾਂ ਬਾਰੇ ਫੀਡ ਬੈਕ ਲਈ। ਬੀਬੀ ਪਰਮਜੀਤ ਕੌਰ ਨੇ ਇਸ ਮੌਕੇ ਹਸਪਤਾਲ ਦੇ ਸਾਰੇ ਸਟਾਫ ਵੱਲੋਂ ਦਿੱਤੇ ਇਲਾਜ ਤੇ ਪਿਆਰ ਲਈ ਧੰਨਵਾਦ ਕੀਤਾ। ਸਾਰੇ ਅਮਲੇ ਨੇ ਤਾੜੀਆਂ ਦੀ ਗੂੰਜ ਨਾਲ ਉਨਾਂ ਨੂੰ ਹਸਪਤਾਲ ਤੋਂ ਵਿਦਾ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਸੁਜਾਤਾ ਸ਼ਰਮਾ, ਤਹਿਸੀਲਦਾਰ ਐਸ ਪੀ ਸਲਵਾਨ ਅਤੇ ਸੁਪਰਡੈਂਟ ਸ੍ਰੀ ਰਮਨ ਸ਼ਰਮਾ ਨੇ ਹਸਪਤਾਲ ਤੇ ਜਿਲ•ਾ ਪ੍ਰਸ਼ਾਸਨ ਵੱਲੋਂ ਫੁੱਲਾਂ ਦੇ ਗੁਲਦਸਤੇ ਅਤੇ ਸੈਨੇਟਾਈਜ਼ਰ ਵੀ ਉਨਾਂ ਨੂੰ ਦਿੱਤੇ।

ਕੈਪਸ਼ਨ

ਸ੍ਰੀਮਤੀ ਪਰਮਜੀਤ ਕੌਰ ਨੂੰ ਹਸਪਤਾਲ ਤੋਂ ਵਿਦਾ ਕਰਦੇ ਪ੍ਰਿੰਸੀਪਲ ਸੁਜਾਤਾ ਸ਼ਰਮਾ, ਸ੍ਰੀ ਰਮਨ ਸ਼ਰਮਾ ਅਤੇ ਹੋਰ।

===========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਕੌਂਸਲਰ ਰੀਨਾ ਚੋਪੜਾ ਨੇ ਆਪਣੀ 15 ਮਹੀਨੇ ਦੀ ਤਨਖਾਹ ਲੋੜਵੰਦਾਂ ਵਿਚ ਵੰਡੀ**

**ਕੈਬਨਿਟ ਮੰਤਰੀ ਓ ਪੀ ਸੋਨੀ ਵੱਲੋਂ ਸਮਾਜ ਸੇਵਾ ਲਈ ਕੀਤੀ ਪਹਿਲ ਦੀ ਸ਼ਲਾਘਾ**

ਅੰਮ੍ਰਿਤਸਰ, 26 ਅਪ੍ਰੈਲ (          )-

ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ ਵੱਲੋਂ ਆਪਣੇ ਸਹਿਯੋਗੀਆਂ ਨੂੰ ਲੋੜਵੰਦਾਂ ਦੀ ਹਰ ਲੋੜ ਪੂਰੀ ਕਰਨ ਦੀ ਕੀਤੀ ਗਈ ਅਪੀਲ ਸਦਕਾ ਅੱਜ ਵਾਰਡ ਨੰਬਰ 69 ਦੇ ਕੌਸ਼ਲਰ ਸ੍ਰੀਮਤੀ ਰੀਨਾ ਚੋਪੜਾ ਨੇ ਆਪਣੇ ਪਤੀ ਸ੍ਰੀ ਪਰਮਜੀਤ ਸਿੰਘ ਚੋਪੜਾ ਦੀ ਸਲਾਹ ਨਾਲ ਆਪਣੀ 15 ਮਹੀਨਿਆਂ ਦੀ ਤਨਖਾਹ ਜੋ ਕਿ ਕਰੀਬ ਢਾਈ ਲੱਖ ਰੁਪਏ ਬਣਦੀ ਹੈ, ਦੇ ਬਰਾਬਰ ਦੀ ਰਸਦ ਲਿਆ ਕੇ ਲੋੜਵੰਦ ਲੋਕਾਂ ਵਿਚ ਵੰਡ ਦਿੱਤੀ। ਕੈਬਨਿਟ ਮੰਤਰੀ ਸ੍ਰੀ ਓ ਪੀ ਸੋਨੀ ਨੇ 1000 ਲੋੜਵੰਦ ਪਰਿਵਾਰਾਂ ਲਈ ਖਰੀਦੇ ਗਏ ਇਸ ਰਾਸ਼ਨ ਨੂੰ ਰਵਾਨਾ ਕਰਦਿਆਂ ਚੋਪੜਾ ਪਰਿਵਾਰ ਵੱਲੋਂ ਕੀਤੇ ਗਏ ਇਸ ਕਾਰਜ ਦੀ ਸਰਾਹਨਾ ਕਰਦੇ ਕਿਹਾ ਕਿ ਲੋੜ ਵੇਲੇ ਬੰਦਾ ਹੀ ਬੰਦੇ ਦਾ ਦਾਰੂ ਹੁੰਦਾ ਹੈ, ਸੋ ਤੁਸੀਂ ਲੋੜਵੰਦ ਲੋਕਾਂ ਦੇ ਰੋਟੀ-ਪਾਣੀ ਦਾ ਪ੍ਰਬੰਧ ਕਰਕੇ ਇਨਸਾਨੀਅਤ ਦੀ ਮਿਸਾਲ ਕਾਇਮ ਕੀਤੀ ਹੈ। ਉਨਾਂ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਆਪਣੇ ਵੱਲੋਂ ਹਰੇਕ ਲੋੜਵੰਦ ਤੱਕ ਪਹੁੰਚ ਰਹੀ ਹੈ ਅਤੇ ਉਨਾਂ ਦੀ ਲੋੜ ਅਨੁਸਾਰ ਮਦਦ ਕਰ ਰਹੀ ਹੈ, ਪਰ ਤੁਹਾਡੇ ਵਰਗੇ ਲੋਕਾਂ ਦੇ ਸਾਥ ਸੋਨੇ ਉਤੇ ਸੁਹਾਗੇ ਦਾ ਕੰਮ ਕਰਦਾ ਹੈ। ਸ੍ਰੀ ਸੋਨੀ ਨੇ ਇਸ ਮੌਕੇ ਰਾਸ਼ਨ ਵੰਡਣ ਵਾਲੀ ਟੀਮ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਵੱਡੀਆਂ ਗਲੀਆਂ ਜਾਂ ਉਨਾਂ ਰਾਹਾਂ ਦੇ ਨੇੜੇ ਹੀ ਰਾਸ਼ਨ ਦੀ ਵੰਡ ਸੀਮਤ ਨਾ ਰੱਖਣ, ਬਲਕਿ ਮੁਹੱਲਿਆਂ ਦੇ ਅੰਦਰ ਰਹਿੰਦੇ ਲੋਕਾਂ ਤੱਕ ਪਹੁੰਚਣ, ਤਾਂ ਜੋ ਸਾਡੇ ਸ਼ਹਿਰ ਦਾ ਕੋਈ ਪਰਿਵਾਰ ਰੋਟੀ ਤੋਂ ਭੁੱਖਾ ਨਾ ਰਹੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਕੌਸ਼ਲਰ ਸ੍ਰੀਮਤੀ ਰੀਨਾ ਚੋਪੜਾ, ਸ੍ਰੀ ਵਿਕਾਸ ਸੋਨੀ, ਯੂਥ ਨੇਤਾ ਪਰਮਜੀਤ ਸਿੰਘ ਚੋਪੜਾ, ਸ੍ਰੀ ਰਾਘਵ ਸੋਨੀ, ਰਣਜੀਤ ਰਾਣਾ, ਸ੍ਰੀ ਰਮਨ ਵਿਰਕ, ਸ੍ਰੀ ਦੁਆਰਕਾ ਦਾਸ, ਸ੍ਰੀ ਸ਼ਿਵਾ ਕੁੰਦਰਾ ਤੇ ਹੋਰ ਮੋਹਤਬਰ ਵੀ ਹਾਜ਼ਰ ਸਨ।

ਕੈਪਸ਼ਨ

ਅੰਮ੍ਰਿਤਸਰ ਕੇਂਦਰੀ ਹਲਕੇ ਲਈ 1000 ਪਰਿਵਾਰਾਂ ਵਾਸਤੇ ਸੁੱਕੇ ਰਾਸ਼ਨ ਦੇ ਟਰੱਕ ਰਵਾਨਾ ਕਰਦੇ ਸ੍ਰੀ ਓ ਪੀ ਸੋਨੀ। ਨਾਲ ਹਨ ਕੌਸ਼ਲਰ ਸ੍ਰੀ ਵਿਕਾਸ ਸੋਨੀ ਤੇ ਕੌਸ਼ਲਰ ਸ੍ਰੀਮਤੀ ਰੀਨਾ ਚੋਪੜਾ।

============

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਕਣਕ ਦੀ ਸੁਰੱਖਿਅਤ ਖਰੀਦ ਲਈ ਸਾਬਕਾ ਫੌਜੀਆਂ ਨੇ ਮੰਡੀਆਂ 'ਚ ਮੋਰਚੇ ਸੰਭਾਲੇ**

**ਮੰਡੀ ਬੋਰਡ ਦੀ ਸਹਾਇਤਾ ਲਈ 55 ਮੰਡੀਆਂ 'ਚ 288 ਜੀ.ਓ.ਜੀ. ਤਾਇਨਾਤ**

ਅੰਮ੍ਰਿਤਸਰ, 26 ਅਪ੍ਰੈਲ ( )-

ਕਣਕ ਦੀ ਨਿਰਵਿਘਨ ਅਤੇ ਸੁਰੱਖਿਅਤ ਖਰੀਦ ਨੂੰ ਯਕੀਨੀ ਬਣਾਉਣ ਲਈ ਸਾਬਕਾ ਫੌਜੀਆਂ ਨੇ ਵੀ ਅਨਾਜ ਮੰਡੀਆਂ ਵਿੱਚ ਮੋਰਚੇ ਸੰਭਾਲੇ ਹੋਏ ਹਨ ਤਾਂ ਕਿ ਕੋਵਿਡ-19 ਕਾਰਨ ਕਰਫਿਊ/ਲੌਕਡਾਊਨ ਦੇ ਮੱਦੇਨਜ਼ਰ ਕਿਸਾਨਾਂ ਨੂੰ ਮੰਡੀਆਂ ਵਿੱਚ ਕਣਕ ਲਿਆਉਣ ਅਤੇ ਵੇਚਣ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ ਅਤੇ ਕਿਸਾਨ ਤੇ ਮਜ਼ਦੂਰ ਵਾਇਰਸ ਤੋਂ ਬਚੇ ਰਹਿਣ।

ਇਹ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਗਾਰਡੀਅਨਜ਼ ਆਫ ਗਵਰਨੈਂਸ (ਖੁਸ਼ਹਾਲੀ ਦੇ ਰਾਖਿਆਂ) ਨੂੰ ਖਰੀਦ ਪ੍ਰਕ੍ਰਿਆ ਲਈ ਮੰਡੀ ਬੋਰਡ ਦੀ ਸਹਾਇਤਾ ਵਾਸਤੇ ਮੰਡੀਆਂ ਵਿੱਚ ਤਾਇਨਾਤ ਕੀਤਾ ਹੈ। ਉਨਾਂ ਦੱਸਿਆ ਕਿ ਇਸ ਵੇਲੇ 288 ਜੀ.ਓ.ਜੀ. ਜਿਲੇ ਦੀਆਂ 55 ਮੰਡੀਆਂ 'ਚ ਚੱਲ ਰਹੇ ਖਰੀਦ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ। ਉਨਾਂ ਦੱਸਿਆ ਕਿ ਮਹਾਂਮਾਰੀ ਦੌਰਾਨ ਹੋ ਰਹੀ ਖਰੀਦ ਵਿਚ ਸਿਹਤ ਸੁਰੱਖਿਆ ਉਪਾਵਾਂ ਨੂੰ ਯਕੀਨੀ ਬਣਾਉਣ ਲਈ ਸਾਬਕਾ ਫੌਜੀਆਂ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ। ਇਹ ਖਰੀਦ ਕੇਂਦਰਾਂ ਵਿੱਚ ਸਮਾਜਿਕ ਦੂਰੀ ਦੀ ਪਾਲਣਾ ਕਰਵਾਉਣ ਤੋਂ ਇਲਾਵਾ ਟ੍ਰੈਫਿਕ ਦੀ ਨਿਗਰਾਨੀ ਦਾ ਔਖਾ ਕਾਰਜ ਨਿਪਟਾਉਣ ਲਈ ਮੰਡੀ ਬੋਰਡ ਦੇ ਮੁਲਾਜ਼ਮਾਂ ਨਾਲ ਮਿਲ ਕੇ ਸੇਵਾਵਾਂ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਜੀ.ਓ.ਜੀ. ਵੱਲੋਂ ਸਾਫ-ਸਫਾਈ ਦੀਆਂ ਹਾਲਤਾਂ ਬਾਰੇ ਰਿਪੋਰਟ ਕਰਨ ਤੋਂ ਇਲਾਵਾ ਕਿਸੇ ਵੀ ਹੋਰ ਮਸਲੇ ਬਾਰੇ ਤੁਰੰਤ ਸੀਨੀਅਰ ਅਥਾਰਟੀ ਦੇ ਨੋਟਿਸ ਵਿੱਚ ਲਿਆਉਂਦੇ ਹਨ।

ਜੀ. ਓ. ਜੀ. ਦੇ ਜਿਲਾ ਮੁਖੀ ਸੇਵਾ ਮੁਕਤ ਕਰਨਲ ਸਰਬਿੰਦਰ ਸਿੰਘ ਨੇ ਦੱਸਿਆ ਕਿ ਸਾਬਕਾ ਸੈਨਿਕ ਹੋਣ ਦੇ ਨਾਤੇ ਜੀ.ਓ.ਜੀ. ਪੂਰੀ ਸਮਰਪਿਤ ਭਾਵਨਾ ਨਾਲ ਕੰਮ ਕਰ ਰਹੇ ਹਨ। ਉਨਾਂ ਦੱਸਿਆ ਕਿ ਮੈਂ ਵੀ ਕੱਲ ਭਗਤਾਂਵਾਲਾ, ਜੰਡਿਆਲਾ ਗੁਰੂ, ਟਾਂਗਰਾ, ਰਈਆ ਆਦਿ ਮੰਡੀਆਂ ਵਿਚ ਜਾ ਕੇ ਜੀ.ਓ.ਜੀ. ਦੀ ਹੌਸਲਾ ਅਫਜ਼ਾਈ ਕਰਨ ਦੇ ਨਾਲ-ਨਾਲ ਜ਼ਰੂਰੀ ਹਦਾਇਤਾਂ ਦਿੱਤੀਆਂ ਹਨ। ਇਸ ਮੌਕੇ ਕਰਨਲ ਗੱਜਣ ਸਿੰਘ ਬਾਜਵਾ, ਮੇਜਰ ਪੀ. ਐਸ. ਹੁੰਦਲ, ਕੈਪਟਨ ਜੋਬਨ ਸਿਘ ਤੇ ਕੈਪਟਨ ਭੁਪਿੰਦਰ ਸਿੰਘ ਵੀ ਹਾਜ਼ਰ ਸਨ।

==========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਸ਼ਰਧਾਲੂਆਂ ਦਾ ਪਹਿਲਾ ਜਥਾ ਅੰਮ੍ਰਿਤਸਰ ਪੁੱਜਾ**

ਅੰਮ੍ਰਿਤਸਰ, 26 ਅਪ੍ਰੈਲ ( )-

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਹਿਲ ਨਾਲ ਕੇਂਦਰ ਸਰਕਾਰ, ਪੰਜਾਬ ਸਰਕਾਰ ਤੇ ਮਹਾਰਾਸ਼ਟਰ ਦੀ ਸਰਕਾਰ ਦੀਆਂ ਸਾਂਝੀਆਂ ਕੋਸ਼ਿਸ਼ਾਂ ਸਦਕਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖ ਫਸੇ ਯਾਤਰੀਆਂ ਦਾ ਪਹਿਲਾ ਜਥਾ ਅੱਜ 2 ਬੱਸਾਂ ਰਾਹੀਂ ਅੰਮ੍ਰਿਤਸਰ ਪੁੱਜਾ। ਇਹ ਜਾਣਕਾਰੀ ਦਿੰਦੇ ਐਸ ਡੀ ਐਮ ਸ੍ਰੀ ਵਿਕਾਸ ਹੀਰਾ ਨੇ ਦੱਸਿਆ ਕਿ ਇੰਨਾਂ ਬੱਸਾਂ ਵਿਚ 42 ਯਾਤਰੀ ਪਹੁੰਚੇ ਸਨ, ਜਿੰਨਾ ਦਾ ਛੇਹਰਟਾ ਡਿਸਪੈਂਸਰੀ ਵਿਚ ਡਾਕਟਰੀ ਮੁਆਇਨਾ ਕੀਤਾ ਗਿਆ। ਡਾਕਟਰੀ ਰਿਪੋਰਟ ਵਿਚ ਸਾਰੇ ਯਾਤਰੀ ਸਰੀਰਕ ਤੌਰ ਉਤੇ ਤੰਦਰੁਸਤ ਪਾਏ ਗਏ ਹਨ ਅਤੇ ਜਿਸ ਕਾਰਨ ਸਾਰੇ ਯਾਤਰੀਆਂ ਨੂੰ ਘਰ ਭੇਜ ਦਿੱਤਾ ਗਿਆ ਹੈ, ਪਰ ਅਗਲੇ 14 ਦਿਨ ਆਪਣੇ ਆਪ ਨੂੰ ਇਕਾਂਤਵਾਸ ਵਿਚ ਰਹਿਣ ਦੀ ਸਲਾਹ ਦਿੱਤੀ ਗਈ ਹੈ। ਉਨਾਂ ਦੱਸਿਆ ਕਿ ਕੱਲ ਵੀ ਪੰਜਾਬ ਤੋਂ 80 ਬੱਸਾਂ ਦਾ ਕਾਫਲਾ ਸ੍ਰੀ ਹਜ਼ੂਰ ਸਾਹਿਬ ਲਈ ਗਿਆ ਹੈ, ਜੋ ਅੱਜ ਸ਼ਾਮ ਤੱਕ ਨਾਦੇੜ ਪਹੁੰਚ ਜਾਣਗੀਆਂ। ਉਨਾਂ ਦੱਸਿਆ ਕਿ ਵਾਪਸੀ ਦਾ ਸਾਰਾ ਖਰਚ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ। ਇਸ ਮੌਕੇ ਸ਼ਰਧਾਲੂਆਂ ਨੇ ਵੀ ਦੱਸਿਆ ਕਿ 23 ਤਾਰੀਕ ਨੂੰ ਲਾਕ ਡਾਊਨ ਹੋਣ ਕਾਰਨ ਕੋਈ ਵੀ ਸਾਧਨ ਨਹੀਂ ਚੱਲ ਰਿਹਾ ਸੀ, ਸੋ ਉਹ ਉਥੇ ਫਸ ਗਏ। ਇਸ ਮਗਰੋਂ ਮੁੱਖ ਮੰਤਰੀ ਪੰਜਾਬ ਦੀਆਂ ਕੋਸ਼ਿਸ਼ਾਂ ਨਾਲ ਸਾਡੀ ਸੁਰੱਖਿਅਤ ਆਪਣੇ ਘਰ ਵਾਪਸੀ ਹੋਈ ਹੈ, ਜਿਸ ਲਈ ਅਸੀਂ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਾਂ।

ਕੈਪਸ਼ਨ

ਛੇਹਰਟਾ ਵਿਖੇ ਹਜ਼ੂਰ ਸਾਹਿਬ ਤੋਂ ਆਏ ਯਾਤਰੀਆਂ ਦਾ ਡਾਕਟਰੀ ਮੁਆਇਨਾ ਕਰਦੀ ਸਿਹਤ ਵਿਭਾਗ ਦੀ ਟੀਮ।

========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਸੋਨੀ ਨੇ ਵਪਾਰੀਆਂ ਦੇ ਮੁੱਦੇ ਕੈਬਨਿਟ ਮੀਟਿੰਗ ਵਿਚ ਉਠਾਉਣ ਦਾ ਦਿੱਤਾ ਭਰੋਸਾ**

**ਅੰਮ੍ਰਿਤਸਰ ਦੇ ਕਾਰੋਬਾਰੀਆਂ ਦਾ ਵਫਦ ਮੌਜੂਦਾ ਹਲਾਤ ਦੇ ਮੱਦੇਨਜ਼ਰ ਸ੍ਰੀ ਸੋਨੀ ਨੂੰ ਮਿਲਿਆ**

ਅੰਮ੍ਰਿਤਸਰ, 26 ਅਪ੍ਰੈਲ ( )-

'ਪੰਜਾਬ ਸਰਕਾਰ ਸਨਅਤਕਾਰਾਂ ਅਤੇ ਵਪਾਰੀਆਂ ਨਾਲ ਹੈ, ਪਰ ਮੌਜੂਦਾ ਕੋਵਿਡ 19 ਤੋਂ ਪੰਜਾਬੀਆਂ ਦੀ ਜਾਨ ਦਾ ਬਚਾਅ ਮੁੱਖ ਮੰਤਰੀ ਪੰਜਾਬ ਦੀ ਪਹਿਲੀ ਤਰਜੀਹ ਹੋਣ ਕਾਰਨ ਕਰਫਿਊ ਲਗਾਉਣ ਦੀ ਨੌਬਤ ਆਈ ਹੈ।' ਉਕਤ ਸਬਦਾਂ ਦਾ ਪ੍ਰਗਟਾਵਾ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ ਨੇ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਪ੍ਰਧਾਨ ਸ੍ਰੀ ਪਿਆਰੇ ਲਾਲ ਸੇਠ ਦੀ ਅਗਵਾਈ ਹੇਠ ਮਿਲਣ ਪਹੁੰਚੇ ਵਪਾਰੀਆਂ ਦੇ ਵਫਦ ਨਾਲ ਗੱਲਬਾਤ ਕਰਦੇ ਉਨਾਂ ਨੂੰ ਭਰੋਸਾ ਦਿੱਤਾ ਕਿ ਮੈਂ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਤੁਹਾਡੀਆਂ ਸਮੱਸਿਆਵਾਂ ਦਾ ਮੁੱਦਾ ਉਠਾਵਾਗਾਂ ਤਾਂ ਜੋ ਹਰ ਸੰਭਵ ਹੱਲ ਨਿਕਲ ਸਕੇ। ਉਨਾਂ ਕਿਹਾ ਕਿ ਪੰਜਾਬ ਦੀ ਖੇਤੀ, ਸਨਅਤ ਅਤੇ ਵਪਾਰ ਨੂੰ ਪ੍ਰਫੁਲਤ ਕਰਨ ਲਈ ਸਰਕਾਰ ਲਗਾਤਾਰ ਕੋਸ਼ਿਸ਼ ਕਰ ਰਹੀ ਹੈ, ਪਰ ਮੌਜੂਦਾ ਸੰਕਟ ਨੇ ਸਾਰਾ ਧਿਆਨ ਮਨੁੱਖੀ ਜਾਨਾਂ ਬਚਾਉਣ ਵੱਲ ਖਿਚ ਲਿਆ ਹੈ, ਜੋ ਕਿ ਜਰੂਰੀ ਵੀ ਹੈ। ਉਨਾਂ ਵਪਾਰੀਆਂ ਨੂੰ ਭਰੋਸਾ ਦਿੱਤਾ ਕਿ ਛੇਤੀ ਹੀ ਤੁਹਾਡੇ ਮਸਲੇ ਹੱਲ ਕਰਵਾ ਲਏ ਜਾਣਗੇ।

ਇਸ ਮੌਕੇ ਵਫਦ ਵਿਚ ਆਏ ਸ੍ਰੀ ਸਮੀਰ ਜੈਨ, ਸ੍ਰੀ ਅਲਿ ਕਪੂਰ, ਸ੍ਰੀ ਰਾਕੇਸ਼ ਠੁਕਰਾਲ ਨੇ ਵਪਾਰੀਆਂ ਦੀਆਂ ਮੁਸ਼ਕਿਲਾਂ ਵੱਲ ਧਿਆਨ ਦਿਵਾਉਂਦੇ ਗਰੀਨ ਜੋਨ ਵਿਚਲੀਆਂ ਸਨਅਤਾਂ ਖੋਲਣ ਦੀ ਲੋੜ ਉਤੇ ਜ਼ੋਰ ਦਿੱਤਾ। ਉਨਾਂ ਕਿਹਾ ਕਿ ਅਚਾਰ, ਮੁਰੱਬੇ, ਸ਼ਰਬਤ ਆਦਿ ਦਾ ਕੱਚਾ ਮਾਲ ਕਾਰਖਾਨਿਆਂ ਵਿਚ ਖਰਾਬ ਹੋ ਰਿਹਾ ਹੈ ਅਤੇ ਤਿਆਰ ਮਾਲ ਦੁਕਾਨਾਂ ਨਾ ਖੁੱਲਣ ਕਾਰਨ ਆਪਣਾ ਸਮਾਂ ਲੰਘਾ ਰਿਹਾ ਹੈ। ਇਸ ਦੇ ਨਾਲ ਹੀ ਇਸ ਕੰਮ ਦਾ ਸੀਜ਼ਨ ਵੀ ਲੰਘ ਰਿਹਾ ਹੈ। ਉਨਾਂ ਕਿਹਾ ਕਿ ਪੱਖੇ, ਕੂਲਰ, ਏ ਸੀ ਅਤੇ ਸਟੇਸ਼ਨਰੀ ਦਾ ਸੀਜ਼ਨ ਵੀ ਚਰਮ ਸੀਮਾ ਉਤੇ ਹੈ, ਪਰ ਦੁਕਾਨਾਂ ਬੰਦ ਹੋਣ ਕਾਰਨ ਵਿਕਰੀ ਨਹੀਂ ਹੋ ਰਹੀ। ਨਿਰਯਾਤ ਦੇ ਸਾਰੇ ਆਰਡਰ ਵੀ ਰੱਦ ਹੋ ਰਹੇ ਹਨ।

ਕੈਪਸ਼ਨ

ਵਪਾਰੀਆਂ ਦੇ ਵਫਦ ਨਾਲ ਗੱਲਬਾਤ ਕਰਦੇ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ।

==========